ਜੇ ਇਸ ਦਸਤਾਵੇਜ਼ ਅਤੇ ਅੰਗਰੇਜ਼ੀ/ਚੀਨੀ ਸੰਸਕਰਨ ਦੇ ਵਿਚਕਾਰ ਕੋਈ ਬੇਮੇਲ ਜਾਂ ਵਿਵਾਦ ਹੁੰਦਾ ਹੈ, ਤਾਂ ਅੰਗਰੇਜ਼ੀ/ਚੀਨੀ ਸੰਸਕਰਨ ਮੰਨਿਆ ਜਾਵੇਗਾ।

# ਵਿੱਤੀ ਤੰਦਰੁਸਤੀ

## ਆਪਣੇ ਕ੍ਰੈਡਿਟ (ਉਧਾਰ) ਦਾ ਪ੍ਰਬੰਧ ਕਰਨਾ

ਕ੍ਰੈਡਿਟ ਦਾ ਪ੍ਰਬੰਧ ਕਰਨਾ ਤੁਹਾਡੇ ਲਈ ਮਹੱਤਵਪੂਰਨ ਹੈ। ਕ੍ਰੈਡਿਟ ਤੁਹਾਨੂੰ ਤੁਹਾਡੀ ਲੋੜੀਂਦੀ ਲਚਕਸ਼ੀਲਤਾ ਦੇ ਕੇ ਜੀਵਨ ਸੌਖਾ ਬਣਾ ਸਕਦਾ ਹੈ। ਭਾਵੇਂ ਤੁਸੀਂ ਛੁੱਟੀ ਲੈ ਰਹੇ ਹੋ, ਕੋਈ ਖਰੀਦਾਰੀ ਕਰ ਰਹੇ ਹੋ, ਜਾਂ ਕਿਸੇ ਆਪਾਤਕਾਲ ਸਥਿਤੀ ਦੇ ਨਾਲ ਨਿਪਟ ਰਹੇ ਹੋ, ਕ੍ਰੈਡਿਟ ਤੁਹਾਡੇ ਜੀਵਨ ਵਿੱਚ ਇੱਕ ਮਹੱਤਵਪੂਰਨ ਰੋਲ ਨਿਭਾ ਸਕਦਾ ਹੈ। ਅਤੇ ਆਪਣੇ ਕ੍ਰੈਡਿਟ ਦਾ ਸਮਝਦਾਰੀ ਨਾਲ ਪ੍ਰਬੰਧ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਕੋਲ ਤਦ ਕ੍ਰੈਡਿਟ ਉਪਲਬਧ ਹੋਵੇਗਾ ਜਦੋਂ ਤੁਸੀਂ ਚਾਹੁੰਦੇ ਹੋਵੋਗੇ।

ਸਮੇਂ ਦੇ ਨਾਲ-ਨਾਲ ਇੱਕ ਮਜ਼ਬੂਤ ਕ੍ਰੈਡਿਟ ਪ੍ਰੋਫਾਈਲ ਨੂੰ ਬਰਕਰਾਰ ਰੱਖਣਾ ਮਹੱਤਵਪੂਰਨ ਹੁੰਦਾ ਹੈ। ਕਿਉਂਕਿ ਜ਼ਿਆਦਾਤਰ ਰਿਣਦਾਤਾ ਕੰਜ਼ਿਊਮਰ ਕ੍ਰੈਡਿਟ ਡੇਟਾ ਉੱਤੇ ਲਾਗੂ ਹੁੰਦੇ ਅਭਿਆਸ ਕੋਡ ਦੁਆਰਾ ਆਗਿਆ ਦਿੱਤੇ ਅਨੁਸਾਰ, ਕ੍ਰੈਡਿਟ ਹਵਾਲਾ ਏਜੰਸੀਆਂ ਨੂੰ ਤੁਹਾਡੇ ਖਾਤੇ ਦੀ ਗਤੀਵਿਧੀ ਦੀ ਸੂਚਨਾ ਦਿੰਦੇ ਹਨ, ਇੱਕ ਮਜ਼ਬੂਤ ਕ੍ਰੈਡਿਟ ਰਿਕਾਰਡ ਤੁਹਾਡੇ ਸਮੁੱਚੇ ਵਿੱਤੀ ਚਿੱਤਰ ਅਤੇ ਸੰਪੂਰਨ ਕ੍ਰੈਡਿਟ ਪ੍ਰੋਫਾਈਲ ਨੂੰ ਵਧਾ ਦਿੰਦਾ ਹੈ। ਅਗਲੀ ਵਾਰ ਜਦੋਂ ਤੁਸੀਂ ਕਿਸੇ ਕਾਰ ਕਰਜ਼ ਜਾਂ ਮਾਰਟਗੇਜ ਲਈ ਅਪਲਾਈ ਕਰਦੇ ਹੋ, ਤੁਹਾਨੂੰ ਆਪਣੇ ਕੀਤੇ ਗਏ ਕੰਮ ਉੱਤੇ ਖੁਸ਼ੀ ਹੋਵੇਗੀ।

ਆਪਣੇ ਕ੍ਰੈਡਿਟ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧ ਕਰਕੇ ਜ਼ਿਆਦਾ ਨਿੱਜੀ ਚੋਣ ਅਤੇ ਹੋਰ ਜ਼ਿਆਦਾ ਵਿੱਤੀ ਸੁਤੰਤਰਤਾ ਮਿਲਦੀ ਹੈ, ਪਰ ਇਸਦੇ ਨਾਲ ਸਮਝਦਾਰ ਚੋਣਾਂ ਕਰਨ ਦੀ ਜ਼ਿੰਮੇਵਾਰੀ ਵੀ ਆਉਂਦੀ ਹੈ।

## ਆਪਣੀ ਵਿੱਤੀ ਤੰਦਰੁਸਤੀ ਨੂੰ ਸੁਧਾਰਨਾ

ਆਪਣੇ ਵਿੱਤੀ ਮਸਲਿਆਂ ਨੂੰ ਨਿਯੰਤ੍ਰਣ ਵਿੱਚ ਰੱਖਣ ਲਈ ਅਤੇ ਕ੍ਰੈਡਿਟ ਨੂੰ ਆਪਣੇ ਹਿਤ ਵਿੱਚ, ਨਾ ਕਿ ਆਪਣੇ ਵਿਰੁੱਧ ਕੰਮ ਕਰਾਉਣ ਲਈ, ਕੁਝ ਸੁਝਾਅ ਇਹ ਰਹੇ।

- ਇੱਕ ਬਜਟ ਬਣਾਓ। ਇਹ ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ, ਕੀ ਕੁਝ ਆ ਰਿਹਾ ਹੈ ਅਤੇ ਕੀ ਜਾ ਰਿਹਾ ਹੈ। ਇਸ ਤਰ੍ਹਾਂ, ਤੁਸੀਂ ਪਰੇਸ਼ਾਨ ਕਰਨ ਵਾਲੇ ਅਚੰਭਿਆਂ ਤੋਂ ਬਚੋਗੇ।

- ਪ੍ਰਭਾਵ ਅਧੀਨ ਹੋ ਕੇ ਖਰੀਦਾਰੀ ਨਾ ਕਰੋ। ਜੇ ਤੁਹਾਨੂੰ ਨਕਦ ਵਿੱਚ ਭੁਗਤਾਨ ਕਰਨਾ ਪਏ ਤਾਂ ਕੀ ਤੁਸੀਂ ਇਹ ਖਰੀਦਾਰੀ ਕਰੋਗੇ?
- ਇੱਕ ਆਦਤ ਵਜੋਂ "ਖਰੀਦਾਰੀ ਤੋਂ ਪਹਿਲਾਂ ਛਾਣਬੀਣ ਕਰੋ"। ਕ੍ਰੈਡਿਟ ਦੀਆਂ ਹੋਰ ਕਿਸਮਾਂ ਦੇ ਨਾਲ ਲਾਗਤਾਂ ਅਤੇ ਵੈਲਯੂ ਦੀ ਤੁਲਨਾ ਕੀਤੇ ਬਗੈਰ - ਕਦੇ ਵੀ ਕਿਸੇ ਤਰ੍ਹਾਂ ਦਾ ਕੋਈ ਕ੍ਰੈਡਿਟ ਪ੍ਰਾਪਤ ਨਾ ਕਰੋ।
- ਇਸ ਤੋਂ ਪਹਿਲਾਂ ਕਿ ਤੁਸੀਂ ਐਪਲੀਕੇਸ਼ਨ 'ਤੇ ਹਸਤਾਖਰ ਕਰੋ, ਕ੍ਰੈਡਿਟ ਸੁਵਿਧਾ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਹਮੇਸ਼ਾ ਪੜ੍ਹੋ ਅਤੇ ਸਮਝੋ।
- ਕਿਸੇ ਕਰਜ਼ ਉੱਤੇ ਸਹਿ-ਹਸਤਾਖਰ ਕਰਨ ਜਾਂ ਦੂਜਿਆਂ ਦੀ ਖਾਤਿਰ ਕਿਸੇ ਕਰਜ਼ ਦੀ ਗਾਰੰਟੀ ਦੇਣ ਪ੍ਰਤੀ ਸਾਵਧਾਨ ਰਹੋ। ਇਹ ਯਾਦ ਰੱਖੋ ਕਿ ਜੇਕਰ ਕਰਜ਼ਦਾਰ ਅਜਿਹਾ ਕਰਨ ਲਈ ਅਸਫ਼ਲ ਰਹਿੰਦਾ ਹੈ ਤਾਂ ਤੁਹਾਨੂੰ ਅੰਤ ਵਿੱਚ ਕਰਜ਼ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਕਰਜ਼ਦਾਰ ਨੂੰ ਪੁੱਛੋ ਕਿ ਕਰਜ਼ ਦੀਆਂ ਸ਼ਰਤਾਂ ਕੀ ਹਨ, ਉਸਦੀ ਆਮਦਨੀ ਕਿੰਨੀ ਹੈ ਅਤੇ ਆਪਣੇ-ਆਪ ਨੂੰ ਸਾਧਾਰਨ ਤੌਰ 'ਤੇ ਇਸ ਬਾਰ ਸੰਤੁਸ਼ਟ ਕਰੋ ਕਿ ਕਰਜ਼ਦਾਰ ਕੋਲ ਕਰਜ਼ ਨੂੰ ਚੁਕਾਉਣ ਲਈ ਸਾਧਨ ਹਨ। ਸ਼ਾਮਲ ਹੁੰਦੇ ਜੋਖਮਾਂ ਦੀ ਜਾਣਕਾਰੀ ਰੱਖੋ, ਤਾਂ ਜੋ ਤੁਸੀਂ ਇੱਕ ਸੂਚਿਤ ਅਤੇ ਸਮਝਦਾਰ ਫੈਸਲਾ ਲੈ ਸਕੋ।
- ਕ੍ਰੈਡਿਟ ਨੂੰ ਸਾਵਧਾਨੀ ਨਾਲ ਵਰਤੋਂ। ਤੁਹਾਨੂੰ ਆਪਣੀ ਕਰਜ਼ ਚੁਕਾਉਣ ਦੀ ਯੋਗਤਾ ਦਾ ਆਕਲਨ ਕਰਨਾ ਚਾਹੀਦਾ ਹੈ ਅਤੇ ਲੋੜ ਤੋਂ ਜ਼ਿਆਦਾ ਕਰਜ਼ ਲੈਣ ਤੋਂ ਬਚਣਾ ਚਾਹੀਦਾ ਹੈ (ਸਿਰਫ਼ ਤਾਂ ਕਰਜ਼ ਲਓ ਜੇ ਤੁਸੀਂ ਚੁਕਾ ਸਕਦੇ ਹੋ)। ਕਿਸੇ ਵੀ ਕਰਜ਼ ਲਈ ਅਪਲਾਈ ਕਰਨ ਤੋਂ ਪਹਿਲਾਂ, ਕੀ ਤੁਹਾਨੂੰ ਆਪਣੀ ਵਿੱਤੀ ਸਥਿਤੀ, ਰੋਜ਼ਾਨਾ ਖਰਚਿਆਂ ਅਤੇ ਕਰਜ਼ ਲੈਣ ਦੀਆਂ ਅਸਲ ਜ਼ਰੂਰਤਾਂ ਦੀ ਸਪਸ਼ਟ ਸਮਝ ਹੁੰਦੀ ਹੈ? ਕੀ ਤੁਸੀਂ ਆਪਣੇ ਉਦੇਸ਼ ਲਈ ਸਹੀ ਕਿਸਮ ਦੇ ਕ੍ਰੈਡਿਟ ਦੀ ਵਰਤੋਂ ਕਰ ਰਹੇ ਹੋ? ਕੀ ਤੁਸੀਂ ਕ੍ਰੈਡਿਟ ਦੇ ਜ਼ਿਆਦਾ ਮਹਿੰਗੇ ਰੂਪ ਦੀ ਵਰਤੋਂ ਕਰ ਰਹੇ ਹੋ ਜੋ ਜ਼ਰੂਰਤ ਤੋਂ ਜ਼ਿਆਦਾ ਹੈ? ਤੁਹਾਨੂੰ ਅਸਲ ਵਿੱਚ ਕਿੰਨੇ ਕ੍ਰੈਡਿਟ ਕਾਰਡਾਂ ਦੀ ਜ਼ਰੂਰਤ ਹੁੰਦੀ ਹੈ? ਕੀ ਤੁਸੀਂ ਉਹਨਾਂ ਨੂੰ ਬਸ ਤਾਂ ਵਰਤ ਰਹੇ ਹੋ ਕਿਉਂਕਿ ਇਹ ਤੁਹਾਡੇ ਕੋਲ ਇਹ ਹਨ?

## ਵਿੱਤੀ ਯੋਜਨਾਕਾਰੀ

ਜੇ ਤੁਸੀਂ ਭਵਿੱਖ ਵਿੱਚ ਬਚਤ ਕਰਨ, ਕੋਈ ਘਰ ਖਰੀਦਣ ਜਾਂ ਰੀਟਾਈਰਮੇਂਟ ਬਾਰੇ ਸੋਚ ਰਹੇ ਹੋ ਤਾਂ ਆਪਣੇ ਬੈਂਕਾਂ ਦੇ ਨਾਲ ਗੱਲ ਕਰੋ ਜਾਂ ਉਹਨਾਂ ਦੀਆਂ ਵੈਬਸਾਈਟਾਂ ਤੇ ਜਾਓ ਜੋ ਯੋਜਨਾ ਸਬੰਧੀ ਸਲਾਹ ਅਤੇ ਸਾਧਨ ਪ੍ਰਦਾਨ ਕਰਦੀਆਂ ਹਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਵੈਬਸਾਈਟਾਂ Hong Kong Association of Banks ਦੀ ਵੈਬਸਾਈਟ (www.hkab.org.hk) ਦੇ ਨਾਲ ਜੁੜੀਆਂ ਹਨ। ਇਸ ਦੇ ਅਤਿਰਿਕਤ, ਤੁਹਾਨੂੰ ਅਜਿਹੇ ਸਮਾਨ ਲਾਭਕਾਰੀ ਸਾਧਨ ਅਤੇ ਜਾਣਕਾਰੀ Investor and Financial Education Council ਦੀ ਵੈਬਸਾਈਟ ਤੋਂ https://www.ifec.org.hk/web/en/ 'ਤੇ ਮਿਲ ਸਕਦੀ ਹੈ।

## ਖ਼ਤਰੇ ਦੀਆਂ ਨਿਸ਼ਾਨੀਆਂ

ਕ੍ਰੈਡਿਟ ਕਾਰਡ ਉੱਤੇ ਜ਼ਿਆਦਾ ਕਰਜ਼ੇ ਤੋਂ ਲੈ ਕੇ ਘਰ ਦੇ ਮਾਰਟਗੇਜ ਨੂੰ ਨਾ ਚੁਕਾਉਣ ਤਕ ਵਿੱਤੀ ਸਮੱਸਿਆਵਾਂ, ਜ਼ਰੂਰੀ ਤੌਰ 'ਤੇ ਮਾੜੇ ਵਿੱਤੀ ਪ੍ਰਬੰਧਨ ਦੇ ਨਤੀਜੇ ਵਜੋਂ ਨਹੀਂ ਹੁੰਦੀਆਂ ਹਨ। ਕਈ ਵਾਰ, ਵਿੱਤੀ ਹਾਲਾਤ ਤੁਹਾਡੇ ਨਿਯੰਤ੍ਰਣ ਤੋਂ ਬਾਹਰ ਹੁੰਦੇ ਹਨ। ਭਾਵੇਂ ਕਾਰਨ ਜੋ ਵੀ ਹੋਵੇ, ਪੈਸੇ ਦੀਆਂ ਸਮੱਸਿਆਵਾਂ ਬਾਰੇ ਚਿੰਤਾ ਤੁਹਾਡੇ ਕੰਮ ਅਤੇ ਪਰਿਵਾਰ ਦੇ ਜੀਵਨ ਦੋਹਾਂ ਉੱਤੇ ਮਾੜਾ ਅਸਰ ਪਾ ਸਕਦੀਆਂ ਹਨ।

ਬਹੁਤ ਵਾਰ, ਜਦੋਂ ਤਕ ਬਹੁਤ ਦੇਰ ਨਹੀਂ ਹੋ ਚੁੱਕੀ ਹੁੰਦੀ ਤੁਸੀਂ ਵਿੱਤੀ ਪਰੇਸ਼ਾਨੀ ਦੇ ਚਿੰਨ੍ਹਾਂ ਨੂੰ ਨਹੀਂ ਦੇਖ ਸਕਦੇ। ਪਰ ਵਿਅਕਤੀਗਤ ਵਿੱਤੀ ਸੰਕਟ ਰਾਤੋ ਰਾਤ ਪੈਦਾ ਨਹੀਂ ਹੁੰਦੇ। ਇੱਥੇ ਕਈ ਚੇਤਾਵਨੀ ਚਿੰਨ੍ਹ ਹਨ ਜੋ ਦਰਸਾਉਂਦੇ ਹਨ ਕਿ ਕਰਜ਼ੇ ਦੀਆਂ ਸਮੱਸਿਆਵਾਂ ਨਿਯੰਤ੍ਰਣ ਤੋਂ ਬਾਹਰ ਜਾ ਰਹੀਆਂ ਹਨ।

ਉਦਾਹਰਨ ਲਈ, ਕੀ ਤੁਸੀਂ:

- ਆਪਣੇ ਬਿੱਲਾਂ ਉੱਤੇ ਦੇਣਯੋਗ ਸਿਰਫ਼ ਨਿਊਨਤਮ ਰਕਮ ਦਾ ਨਿਯਮਿਤ ਤੌਰ 'ਤੇ ਭੁਗਤਾਨ ਕਰ ਰਹੇ ਹੋ?
- ਜ਼ਿਆਦਾ-ਵਿਆਜ਼ ਵਾਲੇ ਰਿਣਦਾਤਾ ਤੋਂ ਕਰਜ਼ਾ ਲੈ ਕੇ ਉਧਾਰ ਨੂੰ ਇਕਸਾਰ ਕਰ ਰਹੇ ਹੋ?
- ਕੀ ਤੁਹਾਨੂੰ ਪੈਸਿਆਂ ਦੀ ਬਚਤ ਕਰਨਾ ਜਾਂ ਆਪਣੀਆਂ ਬਚਤਾਂ ਵਿੱਚੋਂ ਆਪਣੇ ਰੋਜ਼ਾਨਾ ਖਰਚਿਆਂ ਦਾ ਸਮੇਂ ਸਿਰ ਭੁਗਤਾਨ ਕਰਨਾ ਨਾਮੁਮਕਿਨ ਲੱਗ ਰਿਹਾ ਹੈ?
- ਮੂਲਭੂਤ ਖਰਚੇ ਪੂਰੇ ਕਰਨ ਲਈ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਉਧਾਰ ਲੈ ਰਹੇ ਹੋ?

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ "ਹਾਂ" ਵਿੱਚ ਦਿੱਤਾ ਹੈ, ਤਾਂ ਤੁਸੀਂ ਗੰਭੀਰ ਵਿੱਤੀ ਸਮੱਸਿਆ ਵੱਲ ਅੱਗੇ ਵੱਧ ਰਹੇ ਹੋ ਸਕਦੇ ਹੋ।

## ਵਿੱਤੀ ਮੁਸ਼ਕਲਾਂ ਦਾ ਟਾਕਰਾ ਕਰਨਾ

ਕਰਜ਼ੇ ਤੋਂ ਬਾਹਰ ਨਿਕਲਣ ਦਾ ਕੋਈ ਵੀ ਸੌਖਾ ਤਰੀਕਾ ਨਹੀਂ ਹੈ। ਕੁਝ ਇਸ਼ਤਿਹਾਰ ਇਹ ਪ੍ਰਚਾਰ ਕਰਦੇ ਹਨ ਕਿ ਆਪਣੇ-ਆਪ ਨੂੰ ਕਰਜ਼ੇ ਤੋਂ ਮੁਕਤ ਕਰਨ ਦਾ ਇੱਕ ਸੌਖਾ ਤਰੀਕਾ ਦੀਵਾਲਾ ਕੱਢਣਾ ਹੈ। ਦੀਵਾਲਾ ਕੱਢਣ ਦੇ ਪਰਿਣਾਮ, ਹਾਲਾਂਕਿ, ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹ ਵਿੱਤੀ ਸਮੱਸਿਆਵਾਂ ਨੂੰ ਸੁਲਝਾਉਣ ਦਾ ਆਖਰੀ ਹੀਲਾ ਹੋਣਾ ਚਾਹੀਦਾ ਹੈ। ਅਸਲ ਵਿੱਚ, ਦੀਵਾਲੀਆਪਨ ਦੀਆਂ ਕਈ ਸਥਿਤੀਆਂ ਤੋਂ ਇਹਨਾਂ ਨਾਲ ਜੁੜੀਆਂ ਬਦਨਾਮੀਆਂ ਦੇ ਨਾਲ ਬਚਿਆ ਜਾ ਸਕਦਾ ਹੈ। ਇਹ ਰਹੇ ਕੁਝ ਸੰਭਾਵੀ ਵਿਕਲਪ:

ਇਸ ਦਾ ਹੱਲ ਆਪਣੇ-ਆਪ ਕੱਢੋ:

- ਤੁਸੀਂ ਬਸ ਆਪਣੇ ਪੈਸਿਆਂ ਦਾ ਥੋੜ੍ਹਾ ਜ਼ਿਆਦਾ ਸਾਵਧਾਨੀ ਨਾਲ ਪ੍ਰਬੰਧ ਕਰਕੇ ਆਪਣੇ ਕਰਜ਼ੇ ਦੀ ਸਮੱਸਿਆ ਦਾ ਹੱਲ ਕੱਢਣ ਦੇ ਯੋਗ ਹੋ ਸਕਦੇ ਹੋ। ਅਜਿਹੇ ਮੌਕੇ ਦੇਖੋ ਜਿੱਥੇ ਤੁਸੀਂ ਖਰਚਾ ਘਟਾ ਸਕਦੇ ਹੋ, ਅਤੇ ਉਸ ਪੈਸੇ ਨੂੰ ਆਪਣਾ ਕਰਜ਼ਾ ਘਟਾਉਣ ਲਈ ਵਰਤ ਸਕਦੇ ਹੋ।
- ਆਪਣੇ ਭੁਗਤਾਨਾਂ ਨੂੰ ਘਟਾਉਣ ਲਈ ਆਪਣੇ ਘਰ ਦੇ, ਕਾਰ ਦੇ ਜਾਂ ਵਿਅਕਤੀਗਤ ਕਰਜ਼ ਨੂੰ ਮੁੜ-ਫਾਈਨਾਂਸ ਜਾਂ ਮੁੜ-ਨਿਰਮਿਤ ਕਰੋ।
- ਆਪਣੇ ਜਾਂ ਆਪਣੇ ਸਾਥੀ ਲਈ ਇੱਕ ਪਾਰਟ-ਟਾਈਮ ਨੌਕਰੀ ਉੱਤੇ ਵਿਚਾਰ ਕਰੋ।

ਆਪਣੇ ਰਿਣਦਾਤਿਆਂ ਨਾਲ ਗੱਲ ਕਰੋ:

- ਤੁਹਾਨੂੰ ਪਹਿਲਾਂ ਆਪਣੇ ਰਿਣਦਾਤਿਆਂ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਤੁਸੀਂ ਛੇਤੀ ਕਾਰਵਾਈ ਕਰਦੇ ਹੋ ਅਤੇ ਸਲਾਹ ਲੈਂਦੇ ਹੋ ਤਾਂ ਕਰਜ਼ੇ ਸਬੰਧੀ ਸਮੱਸਿਆਵਾਂ ਨੂੰ ਸੁਲਝਾਉਣਾ ਸੌਖਾ ਹੁੰਦਾ ਹੈ। ਦੇਰ ਪਾ ਕੇ ਸਮੱਸਿਆਵਾਂ ਵੱਧ ਜਾਂਦੀਆਂ ਹਨ।
- ਜਦੋਂ ਕੋਈ ਵਾਸਤਵਿਕ ਵਿੱਤੀ ਮੁਸ਼ਕਲ ਹੁੰਦੀ ਹੈ ਤਾਂ ਸਮਾਧਾਨ ਨੂੰ ਲੱਭਣਾ ਰਿਣਦਾਤਾ ਦੇ ਨਾਲ-ਨਾਲ ਤੁਹਾਡੇ ਵੀ ਹਿੱਤ ਵਿੱਚ ਹੁੰਦਾ ਹੈ। ਰਿਣਦਾਤਾ ਤੁਹਾਡੀ ਭੁਗਤਾਨ ਮਿਆਦ ਨੂੰ ਵਧਾ ਸਕਦੇ ਹਨ, ਜਾਂ ਜੇ ਤੁਸੀਂ ਇੱਕ ਤੋਂ ਜ਼ਿਆਦਾ ਰਿਣਦਾਤਾ ਤੋਂ ਪੈਸੇ ਉਧਾਰ ਲੈਂਦੇ ਹੋ, ਤਾਂ ਕਰਜ਼ੇ ਦੀ ਉਗਰਾਹੀ ਕਰਨ ਦੀਆਂ ਗਤੀਵਿਧੀਆਂ ਨੂੰ ਰੋਕਣ ਅਤੇ ਤੁਹਾਡੇ ਕਰਜ਼ੇ ਨੂੰ ਇਕੱਠੇ ਜਾਂ ਮੁੜ-ਫਾਈਨਾਂਸ ਕਰਨ ਲਈ, ਤੁਹਾਡੇ ਦੂਜੇ ਰਿਣਦਾਤਿਆਂ ਦੇ ਨਾਲ ਤਾਲਮੇਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

## ਇੰਟਰਬੈਂਕ ਕਰਜ਼ਾ ਛੁਟਕਾਰਾ ਯੋਜਨਾ

ਜੇ ਤੁਸੀਂ ਇੱਕ ਤੋਂ ਜ਼ਿਆਦਾ ਵਿੱਤੀ ਦੇਣਦਾਰਾਂ ਦਾ ਕਰਜ਼ਾ ਦੇਣਾ ਹੈ, ਤੁਸੀਂ ਆਪਣੇ ਵਿੱਤੀ ਲੈਣਦਾਰਾਂ ਦੇ ਨਾਲ ਇੱਕ ਇੰਟਰਬੈਂਕ ਕਰਜ਼ਾ ਛੁਟਕਾਰਾ ਯੋਜਨਾ ਲਈ ਬੇਨਤੀ ਕਰ ਸਕਦੇ ਹੋ। ਉਹ ਮਿਲ ਕੇ ਕੰਮ ਕਰਨਗੇ ਅਤੇ ਇਹ ਫੈਸਲਾ ਲੈਣਗੇ ਕਿ, ਕਿਸੇ ਅਜਿਹੇ ਪ੍ਰਸਤਾਵ ‘ਤੇ ਪਹੁੰਚਿਆ ਜਾ ਸਕਦਾ ਹੈ, ਜਿਸਦਾ ਉਦੇਸ਼ ਤੁਹਾਨੂੰ ਘਰ ਦੇ ਅਜਿਹੇ ਬਜਟ ਦੀ ਇਜਾਜ਼ਤ ਦੇਣਾ ਹੈ ਜਿਸ ਦੇ ਅੰਦਰ ਤੁਸੀਂ ਰਹਿ ਸਕਦੇ ਹਨ ਜਦਕਿ ਉਧਾਰ ਲਿੱਤੀਆਂ ਬਕਾਇਆ ਰਕਮਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਤੁਹਾਡੇ ਉਪਲਬਧ ਵਿੱਤੀ ਸਰੋਤਾਂ ਨੂੰ ਵਧਾਉਣ ਦੀ ਕੋਸ਼ਿਸ਼ ਕਰਨਾ ਹੈ।

ਇੱਕ ਇੰਟਰਬੈਂਕ ਕਰਜ਼ਾ ਛੁਟਕਾਰਾ ਯੋਜਨਾ ਤੁਹਾਡੀ ਇਸ ਤਰ੍ਹਾਂ ਮਦਦ ਕਰ ਸਕਦੀ ਹੈ:

- ਕੋਈ ਫੀਸ ਜਾਂ ਖਰਚੇ ਪਾਏ ਬਿਨਾਂ, ਮਾਸਿਕ ਚੁਕੌਤੀਆਂ ਅਤੇ ਤੁਹਾਡੀਆਂ ਅਸੁਰੱਖਿਅਤ ਕਰਜ਼ਾ ਚੁਕੌਤੀਆਂ ਦੀਆਂ ਸ਼ਰਤਾਂ ਉੱਤੇ ਦੁਬਾਰਾ ਗੱਲਬਾਤ ਕਰਨਾ;

- ਇਹਨਾਂ ਚੁਕੌਤੀਆਂ ਨੂੰ ਮਿਲਾਉਣਾ ਅਤੇ ਇਹਨਾਂ ਦਾ ਭੁਗਤਾਨ ਇੱਕੋ ਮਾਸਿਕ ਕਿਸ਼ਤ ਵਜੋਂ ਕਰਨਾ;
- ਉਗਰਾਹੀ ਏਜੰਟਾਂ, ਵੇਤਨ ਦੇ ਅਦਾਲਤੀ ਹੁਕਮਾਂ ਵਲੋਂ ਕਾਰਵਾਈ, ਜਾਂ ਕਾਨੂੰਨੀ ਕਾਰਵਾਈਆਂ ਤੋਂ ਬਚਣਾ;
- ਦੇਣਦਾਰਾਂ ਲਈ ਦੀਵਾਲੀਆਪਨ ਅਤੇ ਇਸ ਦੇ ਨਾਲ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚਣਾ, ਜਿਵੇਂ ਕਿ ਭਵਿੱਖ ਵਿੱਚ ਉਧਾਰ ਹਾਸਲ ਕਰਨ ਦੀ ਮੁਸ਼ਕਲ, ਯਾਤਰਾ ਉੱਤੇ ਪਾਬੰਦੀਆਂ, ਆਦਿ;
- ਵਿੱਤੀ ਸਥਿਰਤਾ ਵੱਲ ਬੈਂਕ ਨੂੰ ਕੰਮ 'ਤੇ ਲਗਾਉਣਾ, ਅਤੇ
- ਭਵਿੱਖ ਲਈ ਇੱਕ ਸਕਾਰਾਤਮਕ ਕ੍ਰੈਡਿਟ ਟਰੈਕ ਰਿਕਾਰਡ ਬਣਾਉਣਾ।

ਜੇ ਜ਼ਰੂਰਤ ਹੈ, ਇੱਕ ਪਹਿਲੇ ਕਦਮ ਵਜੋਂ, ਤੁਹਾਨੂੰ ਤੁਹਾਡੇ ਪ੍ਰਮੁੱਖ ਵਿੱਤੀ ਲੈਣਦਾਰਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। ਤੁਹਾਡੇ ਨਾਲ ਕਿਸੇ ਸ਼ੁਰੂਆਤੀ ਮੁਲਾਕਾਤ 'ਤੇ, ਵਿੱਤੀ ਲੈਣਦਾਰ ਤੁਹਾਡੀ ਸਹਿਮਤੀ ਨਾਲ ਤੁਹਾਨੂੰ ਸ਼ਾਮਲ ਹੋਣ ਵਾਲੀ ਪ੍ਰਕਿਰਿਆ ਦਾ, ਅਤੇ ਤੁਹਾਨੂੰ ਵਿੱਤੀ ਲੈਣਦਾਰਾਂ ਨੂੰ ਕਿਹੜੀ ਜਾਣਕਾਰੀ ਅਤੇ ਦਸਤਾਵੇਜ਼ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ, ਇਸ ਬਾਰੇ ਤੁਹਾਨੂੰ ਸਮਝਾਉਣਗੇ। ਜੇ ਵਿੱਤੀ ਲੈਣਦਾਰ ਕਿਸੇ ਇੰਟਰਬੈਂਕ ਕਰਜ਼ਾ ਛੁਟਕਾਰਾ ਯੋਜਨਾ ਦੇ ਨਾਲ ਸਹਿਮਤ ਹੁੰਦੇ ਹਨ, ਤਾਂ ਤੁਹਾਨੂੰ ਇਹ ਪੜਚੋਲ ਕਰਨ ਅਤੇ ਫੈਸਲਾ ਲੈਣ ਲਈ ਸਮਾਂ ਦਿੱਤਾ ਜਾਵੇਗਾ ਕਿ ਪ੍ਰਸਤਾਵ ਸਵੀਕਾਰ ਕਰਨਾ ਹੈ ਜਾਂ ਨਹੀਂ।

**"ਇੰਟਰਬੈਂਕ ਕਰਜ਼ਾ ਛੁਟਕਾਰਾ ਯੋਜਨਾ ਤੁਹਾਡੇ ਲਈ ਦੀਵਾਲੀਆਪਨ ਨਾਲੋਂ ਬੇਹਤਰ ਕੰਮ ਕਰ ਸਕਦੇ ਹਨ!"**

## ਦੀਵਾਲੀਆਪਨ

ਦੀਵਾਲੀਆਪਨ ਦਾ ਵਿਕਲਪ ਸਿਰਫ਼ ਤਾਂ ਹੀ ਬਚਦਾ ਹੈ ਜਿਸ ਨੂੰ ਤੁਸੀਂ ਵਰਤ ਸਕਦੇ ਹੋ, ਅਤੇ ਵਰਤਣਾ ਚਾਹੀਦਾ ਹੈ, ਜਦੋਂ ਤੁਹਾਡੇ ਕੋਲ ਉਪਰੋਕਤ ਵਿਕਲਪਾਂ ਵਿੱਚੋਂ ਕੋਈ ਵੀ ਵਿਕਲਪ ਨਹੀਂ ਬਚਦਾ। ਇੱਕ ਵਾਰ ਤੁਹਾਡੀ ਦੀਵਾਲੀਆਪਨ ਸਥਿਤੀ ਦੀ ਜਾਣਕਾਰੀ ਹੋ ਜਾਵੇ, ਤਾਂ ਤੁਹਾਡੇ ਲੈਣਦਾਰ ਆਪਣੀਆਂ ਕਰਜ਼ਾ ਉਗਰਾਉਣ ਦੀਆਂ ਕਿਰਿਆਵਾਂ ਬੰਦ ਕਰ ਦੇਣਗੇ ਅਤੇ ਦੀਵਾਲੀਆਪਨ ਵਿੱਚ ਇੱਕ ਟਰੱਸਟੀ ਨੂੰ ਤੁਹਾਡੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਅਤੇ ਤੁਹਾਡੇ ਵਿੱਤੀ ਮਾਮਲਿਆਂ ਦੀ ਨਿਗਰਾਨੀ ਕਰਨ ਲਈ ਓਨੀ ਦੇਰ ਲਈ ਨਿਯੁਕਤ ਕੀਤਾ ਜਾਵੇਗਾ, ਜਦੋਂ ਤਕ ਤੁਸੀਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੁੰਦੇ ਹੋ। ਹਾਲਾਂਕਿ, ਇਹ ਵਿਕਲਪ ਸਭ ਤੋਂ ਘੱਟ ਇੱਛਿਤ ਕ੍ਰੈਡਿਟ-ਸਰੂਪ ਹੈ ਅਤੇ ਇਸਦੀ ਲਾਗਤ ਹੁੰਦੀ ਹੈ। ਇੱਕ ਨੁਕਸਾਨ ਇਹ ਹੈ ਕਿ ਇਹ ਲੰਮੇ ਸਮੇਂ ਲਈ ਤੁਹਾਡੀ ਕ੍ਰੈਡਿਟ ਰਿਪੋਰਟ ਉੱਤੇ ਦਿਖਾਈ ਦੇ ਸਕਦਾ ਹੈ। ਇੱਕ ਹੋਰ ਨੁਕਸਾਨ ਇਹ ਹੈ ਕਿ ਤੁਹਾਨੂੰ ਭਵਿੱਖ ਵਿੱਚ ਉਧਾਰ ਲੈਣ ਲਈ ਬਹੁਤ ਮੁਸ਼ਕਲ ਆ ਸਕਦੀ ਹੈ ਅਤੇ ਵਿਸ਼ੇਸ਼ ਤੌਰ 'ਤੇ, ਤੁਹਾਨੂੰ

ਕ੍ਰੈਡਿਟ ਕਾਰਡ, ਉਪਭੋਗਤਾ ਉਧਾਰ ਹਾਸਲ ਕਰਨ ਜਾਂ ਮਾਰਟਗੇਜ ਫਾਈਨਾਂਸ ਦੇ ਦੁਆਰਾ ਕੋਈ ਸੰਪੱਤੀ ਖਰੀਦਣ ਵਿੱਚ ਮੁਸ਼ਕਲ ਆ ਸਕਦੀਆਂ ਹਨ।

## ਦੀਵਾਲੀਆਪਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

### ਮੈਨੂੰ ਦੀਵਾਲੀਆਪਨ ਬਾਰੇ ਫਾਈਲ ਕਰਨ ਦੀ ਤਿਆਰੀ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਕੋਈ ਫੈਸਲਾ ਲੈਣ ਤੋਂ ਪਹਿਲਾਂ ਆਪਣੇ ਬੈਂਕਾਂ ਜਾਂ ਵਿੱਤੀ ਜਾਂ ਕਾਨੂੰਨੀ ਸਲਾਹਕਾਰਾਂ ਨਾਲ ਮਸ਼ਵਰਾ ਕਰਨਾ ਉਚਿਤ ਹੋਵੇਗਾ। ਉਹ ਤੁਹਾਡੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਇਹ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਲਈ ਤੱਥ ਪ੍ਰਦਾਨ ਕਰ ਸਕਦੇ ਹਨ ਕਿ ਦੀਵਾਲੀਆਪਨ ਤੁਹਾਡੇ ਲਈ ਸਭ ਤੋਂ ਵਧੀਆ ਚੋਣ ਹੈ ਜਾਂ ਨਹੀਂ। ਕੁਝ ਕੁ ਵਿਸ਼ੇਸ਼ ਗੱਲਾਂ ਦਾ ਉਲੇਖ ਕਰਨਾ ਜ਼ਰੂਰੀ ਹੈ:

- ਜੇ ਤੁਸੀਂ ਦੀਵਾਲੀਆਪਨ ਲਈ ਫਾਈਲ ਕਰਨ ਦਾ ਇਰਾਦਾ ਰੱਖਦੇ ਹੋ, ਤੁਹਾਨੂੰ ਆਪਣੇ ਕ੍ਰੈਡਿਟ ਕਾਰਡ ਵਰਤਣੇ ਬੰਦ ਕਰਨੇ ਚਾਹੀਦੇ ਹਨ। ਜੇ ਤੁਸੀਂ ਦੀਵਾਲੀਆਪਨ ਤੋਂ ਪਹਿਲਾਂ ਦੀਵਾਲੀਆਪਨ ਵਿੱਚ ਕਰਜ਼ੇ ਨੂੰ ਲਾਹੁਣ ਦੇ ਵਿਸ਼ੇਸ਼ ਇਰਾਦੇ ਨਾਲ, ਇਸ ਨੂੰ ਵਾਪਸ ਅਦਾ ਕਰਨ ਦੀ ਬਜਾਏ, ਪੈਸੇ ਉਧਾਰ ਲਿੱਤੇ ਹਨ, ਕਰਜ਼ਾ ਲਾਹੁਣ-ਯੋਗ ਨਹੀਂ ਹੋ ਸਕਦਾ। ਵਿਸ਼ੇਸ਼ ਹਾਲਾਤਾਂ ਵਿੱਚ, ਤੁਸੀਂ ਧੋਖਾਧੜੀ ਦੇ ਦੋਸ਼ੀ ਹੋ ਸਕਦੇ ਹੋ।
- ਆਪਣੀਆਂ ਪੂੰਜੀਆਂ ਨੂੰ ਆਪਣੇ ਲੈਣਦਾਰਾਂ ਤੋਂ ਬਚਾਉਣ ਲਈ ਆਪਣੀਆਂ ਪੂੰਜੀਆਂ ਦੋਸਤਾਂ, ਪਰਿਵਾਰ ਜਾਂ ਕਾਰੋਬਾਰੀ ਸਹਿਯੋਗੀਆਂ ਨੂੰ ਨਾ ਦਿਓ। ਇਸ ਟ੍ਰਾਂਸਫਰ ਨੂੰ ਧੋਖਾਧੜੀ ਮੰਨਿਆ ਜਾ ਸਕਦਾ ਹੈ। ਜੇ ਇੰਝ ਹੁੰਦਾ ਹੈ, ਤੁਸੀਂ ਪੂੰਜੀਆਂ ਅਤੇ ਦੀਵਾਲੀਆਪਨ ਦੀ ਦੋਸ਼-ਮੁਕਤੀ ਲਈ ਆਪਣੇ ਅਧਿਕਾਰ ਨੂੰ ਗੁਆ ਸਕਦੇ ਹੋ। ਨਾਲ ਹੀ, ਤੁਸੀਂ ਇੱਕ ਅਪਰਾਧ ਕਰਨ ਦੇ ਦੋਸ਼ੀ ਹੋ ਸਕਦੇ ਹੋ।
- ਕਿਸੇ ਵੀ ਕਾਰੋਬਾਰੀ ਜਾਂ ਵਿੱਤੀ ਰਿਕਾਰਡਾਂ ਨੂੰ ਨਸ਼ਟ ਨਾ ਕਰੋ। ਇਸਦੇ ਨਤੀਜੇ ਵਜੋਂ ਤੁਸੀਂ ਦੀਵਾਲੀਆਪਨ ਲਈ ਦੋਸ਼-ਮੁਕਤੀ ਦੇ ਆਪਣੇ ਅਧਿਕਾਰ ਨੂੰ ਗੁਆ ਸਕਦੇ ਹੋ ਅਤੇ ਤੁਸੀਂ ਅਪਰਾਧ ਲਈ ਦੋਸ਼ੀ ਹੋ ਸਕਦੇ ਹੋ।

### ਇਕ ਦੀਵਾਲੀਆਪਨ ਆਦੇਸ਼ ਦੇ ਕੀ ਪਰਿਣਾਮ ਨਿਕਲਦੇ ਹਨ?

ਪਰਿਣਾਮ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਤੁਹਾਨੂੰ, ਇੱਕ ਦੇਣਦਾਰ ਵਜੋਂ ਅਦਾਲਤ ਨੂੰ ਆਪਣੀਆਂ ਸਾਰੀਆਂ ਪੂੰਜੀਆਂ ਅਤੇ ਕਰਜ਼ਿਆਂ ਦਾ ਖੁਲਾਸਾ ਕਰਨ ਦੀ ਅਤੇ ਟਰੱਸਟੀ ਨੂੰ ਸਾਰੀਆਂ ਛੋਟ-ਰਹਿਤ ਪੂੰਜੀਆਂ ਪ੍ਰਗਟ ਕਰਨ ਦੀ ਲੋੜ ਹੁੰਦੀ ਹੈ, ਜੋ ਫੇਰ ਇਸ ਨੂੰ ਤੁਹਾਡੇ ਲੈਣਦਾਰਾਂ ਵਿੱਚ ਵੰਡਣ ਲਈ ਨਕਦ ਵਿੱਚ ਬਦਲਦਾ ਹੈ।

- ਤੁਹਾਨੂੰ ਆਪਣੇ ਲੈਣਦਾਰਾਂ ਦੇ ਲਾਭ ਲਈ ਆਪਣੀ ਨਿੱਜੀ ਆਮਦਨੀ ਵਿੱਚੋਂ ਵੀ ਯੋਗਦਾਨ ਕਰਨ ਦੀ ਲੋੜ ਹੋ ਸਕਦੀ ਹੈ।
- ਜੇ ਤੁਹਾਡੇ ਕੋਲ ਆਪਣਾ ਘਰ ਹੈ, ਤਾਂ ਤੁਹਾਡੇ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਇਸ ਨੂੰ ਵੇਚਣ ਦੀ ਲੋੜ ਹੋ ਸਕਦੀ ਹੈ।
- ਤੁਹਾਨੂੰ ਟਰੱਸਟੀ ਦੁਆਰਾ ਮੰਗ ਅਨੁਸਾਰ ਉਸਨੂੰ ਇਹ ਸੂਚਨਾ ਦੇਣ ਦੀ ਲੋੜ ਹੋ ਸਕਦੀ ਹੈ ਕਿ ਤੁਸੀਂ ਹੌਂਗ ਕੌਂਗ ਤੋਂ ਜਾਣਾ ਚਾਹੁੰਦੇ ਹੋ ਅਤੇ ਹੌਂਗ ਕੌਂਗ ਵਾਪਸ ਆਉਣਾ ਚਾਹੁੰਦੇ ਹੋ।
- ਤੁਹਾਨੂੰ ਆਪਣੇ ਕ੍ਰੈਡਿਟ ਕਾਰਡਾਂ, ਦੇ ਨਾਲ-ਨਾਲ ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤਿਆਂ ਨੂੰ ਤੁਰੰਤ ਵਰਤਣਾ ਬੰਦ ਕਰਨਾ ਚਾਹੀਦਾ ਹੈ। ਹਾਲਾਂਕਿ, ਆਰਜ਼ੀ ਟਰੱਸਟੀ/ਟਰੱਸਟੀ ਦੀ ਆਗਿਆ ਨਾਲ, ਤੁਸੀਂ ਆਮਦਨੀ ਪ੍ਰਾਪਤ ਕਰਨ ਲਈ ਇੱਕੋ ਖਾਤਾ ਖੋਲ੍ਹ ਸਕਦੇ ਹੋ।
- ਤੁਸੀਂ ਲੈਣਦਾਰ ਨੂੰ ਇਹ ਦੱਸੇ ਬਗੈਰ ਕਿ ਤੁਸੀਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਦੀਵਾਲੀਆ ਹੋਏ ਵਿਅਕਤੀ ਹੋ, HK$100 ਜਾਂ ਜ਼ਿਆਦਾ ਉਧਾਰ ਲੈ ਸਕਦੇ ਹੋ।
- ਤੁਹਾਨੂੰ ਅਦਾਲਤ ਦੀ ਸਹਿਮਤੀ ਦੇ ਬਿਨਾਂ, ਕੁਝ ਨਿਸ਼ਚਿਤ ਪਬਲਿਕ ਦਫ਼ਤਰਾਂ 'ਤੇ ਆਉਣ ਤੋਂ ਅਤੇ ਕੰਪਨੀ ਦੇ ਡਾਈਰੈਕਟਰ ਵਜੋਂ ਕੰਮ ਕਰਨ ਤੋਂ ਅਯੋਗ ਬਣਾਇਆ ਜਾ ਸਕਦਾ ਹੈ।
- ਤੁਹਾਨੂੰ ਆਪਣੇ ਵਿਸ਼ੇਸ਼ ਰੋਜ਼ਗਾਰ ਲਈ ਪਾਤਰ ਹੋਣ ਤੋਂ ਰੋਕਿਆ ਜਾ ਸਕਦਾ ਹੈ।
- ਦੀਵਾਲੀਆਪਨ ਤੁਹਾਡੀ ਕ੍ਰੈਡਿਟ ਰਿਪੋਰਟ ਉੱਤੇ 8 ਸਾਲ ਅਤੇ ਕਈ ਵਾਰ ਜ਼ਿਆਦਾ ਲੰਮੇ ਸਮੇਂ ਲਈ ਰਹਿੰਦਾ ਹੈ। ਨਤੀਜੇ ਵਜੋਂ, ਤੁਹਾਨੂੰ ਭਵਿੱਖ ਵਿੱਚ ਉਧਾਰ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ। ਤੁਸੀਂ ਜਿਹੜਾ ਵੀ ਉਧਾਰ ਲੈਂਦੇ ਹੋ, ਵਿਆਜ਼ ਦਰਾਂ ਅਤੇ ਲਗਾਈ ਗਈ ਫੀਸ ਦੇ ਪੱਖੋਂ ਤੁਹਾਡੇ ਲਈ ਜ਼ਿਆਦਾ ਮਹਿੰਗਾ ਹੋ ਸਕਦਾ ਹੈ।

**ਕੀ ਮੇਰੇ ਰੋਜ਼ਗਾਰਦਾਤਾ ਨੂੰ ਮੇਰੇ ਦੀਵਾਲੀਆਪਨ ਬਾਰੇ ਪਤਾ ਲੱਗੇਗਾ?**

ਦੀਵਾਲੀਆਪਨ ਦੀ ਸੂਚਨਾ ਪਬਲਿਕ ਰਿਕਾਰਡ ਵਿੱਚ ਦਿੱਤੀ ਜਾਂਦੀ ਹੈ। ਅੱਗੇ, ਵਿਸ਼ੇਸ਼ ਹਾਲਾਤਾਂ ਵਿੱਚ, ਤੁਹਾਨੂੰ ਆਪਣੇ ਰੋਜ਼ਗਾਰਦਾਤਾ ਨੂੰ ਨੌਕਰੀ ਦੇ ਬਿਨੈ-ਪੱਤਰਾਂ ਵਿੱਚ ਆਪਣੇ ਮੌਜੂਦਾ ਜਾਂ ਅਤੀਤ ਦੇ ਦੀਵਾਲੀਆਪਨ ਦਾ ਖੁਲਾਸਾ ਕਰਨ ਦੀ ਲੋੜ ਹੋ ਸਕਦੀ ਹੈ।

**ਕੀ ਮੈਨੂੰ ਅਦਾਲਤ ਨੂੰ ਆਪਣੀਆਂ ਸਾਰੀਆਂ ਪੂੰਜੀਆਂ ਦਾ ਖੁਲਾਸਾ ਕਰਨਾ ਹੁੰਦਾ ਹੈ?**

ਜੀ ਹਾਂ। ਜੇ ਤੁਸੀਂ ਜਾਣਬੁਝ ਕੇ ਅਤੇ ਧੋਖੇਧੜੀ ਨਾਲ ਅਦਾਲਤ ਤੋਂ ਕੋਈ ਪੂੰਜੀ ਲੁਕਾਉਂਦੇ ਹੋ, ਤਾਂ ਤੁਸੀਂ ਅਪਰਾਧਕ ਦੋਸ਼ ਕਰਦੇ ਹੋ ਅਤੇ ਤੁਹਾਨੂੰ ਅਦਾਲਤ ਦੁਆਰਾ ਸਜ਼ਾ ਦਿੱਤੀ ਜਾ ਸਕਦੀ ਹੈ। ਇਸਦੇ ਅਤਿਰਿਕਤ, ਅਦਾਲਤ ਦੀਵਾਲੀਆਪਨ ਤੋਂ ਤੁਹਾਡੀ ਦੋਸ਼-ਮੁਕਤੀ ਹੋਰ 4 ਸਾਲਾਂ ਲਈ ਰੱਦ ਕਰ ਸਕਦੀ ਹੈ।

**ਕੀ ਮੈਂ 4 ਸਾਲਾਂ ਬਾਅਦ ਆਪਣੇ-ਆਪ ਦੋਸ਼-ਮੁਕਤ ਹੋ ਜਾਂਦਾ/ਦੀ ਹਾਂ?**

ਸਾਧਾਰਨ ਹਾਲਾਤਾਂ ਦੇ ਤਹਿਤ, ਦੀਵਾਲੀਆਪਨ ਤੋਂ ਦੋਸ਼-ਮੁਕਤੀ 4 ਸਾਲਾਂ ਬਾਅਦ ਹੁੰਦੀ ਹੈ। ਹਾਲਾਂਕਿ, ਦੋਸ਼-ਮੁਕਤੀ ਆਪਣੇ-ਆਪ ਨਹੀਂ ਹੁੰਦੀ। ਲੈਣਦਾਰ ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਤੁਹਾਡੀ ਦੋਸ਼-ਮੁਕਤੀ ਉੱਤੇ ਇਤਰਾਜ਼ ਕਰ ਸਕਦੇ ਹੋ ਅਤੇ ਦੀਵਾਲੀਆਪਨ ਦੀ ਮਿਆਦ 8 ਸਾਲਾਂ ਤਕ ਵਧਾਈ ਜਾ ਸਕਦੀ ਹੈ।

## ਸੰਪਰਕ ਜਾਣਕਾਰੀ

**THE HONG KONG ASSOCIATION OF BANKS (ਦਿ ਹੌਂਗ ਕੌਂਗ ਐਸੋਸਿਏਸ਼ਨ ਔਫ ਬੈਂਕਸ)**

Room 525, Prince's Building,
Central, Hong Kong
ਟੈਲੀ: 2521 1169 ਫੈਕਸ: 2868 5035

ਈਮੇਲ: info@hkab.org.hk

**THE DTC ASSOCIATION (ਦਿ ਡੀਟੀਸੀ ਐਸੋਸਿਏਸ਼ਨ)**

Unit 1704, 17/F., Bonham Trade Centre,
50 Bonham Strand East,
Sheung Wan, Hong Kong
ਟੈਲੀ: 2526 4079 ਫੈਕਸ: 2523 0180

ਈਮੇਲ: dtca@dtca.org.hk

**THE HONG KONG S.A.R. (ਦਿ ਹੌਂਗ ਕੌਂਗ ਐਸ. ਏ. ਆਰ.) LICENSED MONEY LENFERS ASSOCIATION LTD. (ਲਾਇਸੈਂਸਡ ਮਨੀ ਲੇਂਢਰਸ ਐਸੋਸਿਏਸ਼ਨ ਲਿ.)**

21/F., Allied Kajima Building,
138 Gloucester Road,
Wanchai, Hong Kong
ਟੈਲੀ: 2827 8281 ਫੈਕਸ: 2827 8292

ਈਮੇਲ: enquiry@lmla.com.hk

**HONG KONG MONETARY AUTHORITY (ਹਾਂਗਕਾਂਗ ਮਾੱਨੀਟਰੀ ਅਥਾਰਿਟੀ)**

55/F., Two IFC,
8 Finance Street,
Central, Hong Kong
ਟੈਲੀ: 2878 8196 ਫੈਕਸ: 2878 8197

ਈਮੇਲ: publicenquiry@hkma.gov.hk

**CONSUMER COUNCIL (ਕੰਜ਼ਿਉਮਰ ਕਾਉਂਸਿਲ)**

22/F., K. Wah Centre,
191 Java Road,
North Point, Hong Kong
ਟੈਲੀ: 2856 3113 ਫੈਕਸ: 2856 3611

ਈਮੇਲ: cc@consumer.org.hk

Hong Kong Association of Banks, the DTC Association ਅਤੇ the Hong Kong S.A.R. Licensed Money Lenders Association ਦੁਆਰਾ ਸਾਂਝੇ ਰੂਪ ਵਿੱਚ ਜਾਰੀ ਕੀਤਾ ਗਿਆ ਅਤੇ Hong Kong Monetary Authority ਦੁਆਰਾ ਪਿਠਾਂਕਣ ਕੀਤਾ ਗਿਆ। Consumer Council ਗ੍ਰਾਹਕਾਂ ਨੂੰ ਅਨਿਯੰਤ੍ਰਿਤ ਕਰਜ਼ਦਾਰੀ ਦੀਆਂ ਸਮੱਸਿਆਵਾਂ ਦੀ ਸੂਚਨਾ ਦੇਣ ਲਈ ਉਦਯੋਗ ਦੁਆਰਾ ਕੀਤੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਦੀ ਹੈ ਅਤੇ ਵਿੱਤੀ ਤੰਦਰੁਸਤੀ ਦੇ ਮਹੱਤਵ ਬਾਰੇ ਜਨਤਕ ਜਾਗਰੁਕਤਾ ਦਾ ਪ੍ਰਚਾਰ ਕਰਨ ਨੂੰ ਵਧਾਵਾ ਦਿੰਦੀ ਹੈ।